# ਥੋੜ੍ਹੇ ਸਮੇ ਦਾ ਟ੍ਰੈਂਡਰ ਨੋਟਿਸ

ਵਿਸ਼ਾ:- ਨਗਰ ਨਿਗਮ ਦੀ ਸੀਮਾਂ ਅੰਦਰ ਲੱਗੇ ਸਟਰੀਟ ਲਾਈਟ ਪੁਆਇੰਟਾਂ ਦਾ ਸਮਾਨ ਸਮੇਤ ਰਖ ਰਖਾਵ ਦੇ ਟ੍ਰੈਂਡਰਾਂ ਸਬੰਧੀ ।

ਨਗਰ ਨਿਗਮ ਅੰਮ੍ਰਿਤਸਰ ਵਲੋਂ ਹੇਠ ਲਿਖੇ ਵੱਖ ਵੱਖ ਸੈਕਟਰਾਂ ਵਿਚ ਪੈਂਦੇ ਸਟਰੀਟ ਲਾਈਟ ਦੇ ਸਮਾਨ ਸਮੇਤ ਰਖ ਰਖਾਵ ਲਈ ਠੇਕੇਦਾਰਾਂ ਕੋਲੋ ਮੋਹਰਬੰਦ ਟ੍ਰੈਂਡਰ ਕਾਲ ਕੀਤੇ ਜਾਂਦੇ ਹਨ।ਰਕਮ ਬਿਆਨਾ 5% ਕਾਲ ਡਿਪਾਜਿਟ ਰਾਹੀ ਨਗਰ ਨਿਗਮ ਅੰਮ੍ਰਿਤਸਰ ਦੇ ਨਾਂ ਪਲੈਜ ਹੋਣੀ ਚਾਹੀਦੀ ਹੈ। ਟੈਂਡਰ ਫਾਰਮ 100/-ਰੁ ਪ੍ਰਤੀ ਟੈਂਡਰ ਦੇ ਹਿਸਾਬ ਨਾਲ ਕਿਸੇ ਵੀ ਕੰਮ ਵਾਲੇ ਦਿਨ ਨਿਮਨ ਹਸਤਾਖਰੀ ਦੇ ਦਫਤਰ ਵਿਚੋ ਲਏ ਜਾ ਸਕਦੇ ਹਨ, ਇਹ ਟੈਂਡਰ ਮਿਤੀ 04-03-10ਨੂੰ ਠੇਕੇਦਾਰਾਂ ਅਤੇ ਉਹਨਾਂ ਦੇ ਨੁਮਾਇੰਦਿਆਂ ਦੇ ਸਾਹਮਣੇ 3.00 ਵਜੇ ਨਿਮਨ ਹਸਤਾਖਰੀ ਦੇ ਦਫਤਰ ਵਿਚ ਖੋਲ੍ਹੇ ਜਾਣਗੇ। ਕੰਮ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :-

| ਲੜੀ ਨੰ: | ਅਬਾਦੀ ਦਾ ਨਾਂ | ਤਖਮੀਨੇ ਦੀ ਰਕਮ |
|---|---|---|
| 1. | ਨਗਰ ਨਿਗਮ ਦੀ ਹੱਦ ਅੰਦਰ ਪੈਂਦੇ ਸਟਰੀਟ ਲਾਈਟ ਪੁਆਇੰਟਾਂ ਦੇ ਸਲਾਨਾ ਰਖ-ਰਖਾਉ ਦਾ ਕੰਮ ਸੈਕਟਰ ਵਾਈਜ਼ ਠੇਕੇ ਤੇ ਦੇਣ ਬਾਰੇ । | |

| ਲੜੀ ਨੰ | | ਸਬ-ਡਵੀਜ਼ਨ | ਰਕਮ | ਸਮਾਂ | ਬਿਆਂਨਾ |
|---|---|---|---|---|---|
| 1 | ਉਹੀ | ਸੁਲਤਾਨਵਿੰਡ ,ਮਾਲ ਮੰਡੀ, ਫੋਕਲ ਪੁਆਇੰਟ ਅਤੇ ਗੇਟ ਵੇ ਅੰਮ੍ਰਿਤਸਰ(ਵੇਰਕਾ ਜਲੰਧਰ ਰੋਡ ਬਾਈ ਪਾਸ) ਸੈਕਟਰ-1 | 20.98 | 1ਸਾਲ | 5% |
| 2 | ਉਹੀ | ਈਸਟ ਅਤੇ ਵੇਰਕਾ ਸਬ ਡਵੀਜ਼ਨ ਸੈਕਟਰ-2 | 15.55 | 1 ਸਾਲ | 5% |
| 3 | ਉਹੀ | ਗੋਪਾਲ ਨਗਰ ਉਪ ਮੰਡਲ ਸੈਕਟਰ-3 | 15.61 | 1 ਸਾਲ | 5% |
| 4 | ਉਹੀ | ਛੇਹਰਟਾ ਉਪ ਮੰਡਲ ਸੈਕਟਰ-4 | 11.00 | 1 ਸਾਲ | 5% |
| 5 | ਉਹੀ | ਲਾਰੰਸ ਰੋਡ ਅਤੇ ਸਿਵਲ ਲਾਈਨ ਸੈਕਟਰ-5 | 27.67 | 1 ਸਾਲ | 5% |
| 6 | ਉਹੀ | ਹਕੀਮਾਂ ਗੇਟ,ਬੇਰੀ ਗੇਟ ਅਤੇ ਟੁੰਡਾ ਤਲਾਬ ਸੈਕਟਰ-6 | 23.33 | 1 ਸਾਲ | 5% |
| 7 | ਉਹੀ | ਦੱਖਣ ਉਪ ਮੰਡਲ ਅਤੇ ਇਸਲਾਮਾਬਾਦ ਸੈਕਟਰ-7 | 20.22 | 1 ਸਾਲ | 5% |
| 8 | ਉਹੀ | ਹੁਸੈਨਪੁਰਾ ,ਘੀ ਮੰਡੀ, ਦੁਰਗਿਆਣਾ ਟੈਂਪਲ ਅਤੇ ਬੈਡਮਿੰਟਨ ਹਾਲ , ਸਵੀਮਿੰਗ ਪੂਲ ਕੰਪਲੈਕਸ ਅਤੇ ਦੀਨ ਦਿਆਨ ਉਪਾਧਿਆਏ ਮਾਰਕੀਟ (ਸੈਕਟਰ-8) | 24.95 | 1 ਸਾਲ | 5% |
| 9 | ਉਹੀ | ਪੱਛਮ ਉਪ ਮੰਡਲ ਸੈਕਟਰ-9 | 16.17 | 1 ਸਾਲ | 5% |
| 10 | ਉਹੀ | ਚਾਟੀਵਿੰਡ, ਕੋਟ ਮਿੱਤ ਸਿੰਘ ਸੈਕਟਰ-10 ਅਤੇ ਗੋਲਡਨ ਟੈਂਪਲ | 19.95 | 1 ਸਾਲ | 5% |
| 11. | | ਗੁਰੂ ਨਾਨਕ ਭਵਨ ਅਤੇ ਐਮ.ਟੀ.ਪੀ ਦਫਤਰ ਦੀ ਚਾਰ ਦੀਵਾਰੀ ਵਿਚ ਸਫਾਈ ਦਾ ਕੰਮ ਠੇਕੇ ਤੇ ਦੇਣ ਅਤੇ ਸਫਾਈ ਵਾਸਤੇ ਲੋੜੀਦਾ ਸਮਾਨ ਸਟੋਰ ਵਿਚ ਖ੍ਰੀਦ ਕਰਨ ਬਾਰੇ । | 1.70 | 1 ਸਾਲ | 5% |
| 12. | | ਗੁਰੂ ਨਾਨਕ ਭਵਨ ਵਿਖੇ ਲੱਗੇ ਏਅਰ ਕੰਡੀਸ਼ਨ ਯੂਨਿਟ 120 ਟਨ ਕਪੈਸਟੀ ਦੇ ਸਲਾਨਾ ਰਖ ਰਖਾਉ ਸਬੰਧੀ । | 3.00 | 1 ਸਾਲ | 5% |
| 13. | | ਅੰਮ੍ਰਿਤਸਰ ਸ਼ਹਿਰ ਦੀ ਹੱਦ ਅੰਦਰ ਪੈਂਦੇ | 4.49 | 1 ਸਾਲ | 5% |

| | | | |
|---|---|---|---|
| ਚੋਕਾਂ ਅਤੇ ਪਾਰਕਾਂ ਵਿਚ ਲੱਗੇ ਹਾਈ ਮਾਸਟ ਅਤੇ ਸੈਮੀ ਹਾਈ ਮਾਸਟ ਦੇ ਸਲਾਨਾ ਰਖ ਰਖਾਉ ਸਬੰਧੀ । | | | |
| ਸੀਜ਼ਨਲ ਮੇਨਟੀਨੈਂਸ ਆਫ ਡਕਟੇਬਲ ਯੂਨਿਟ ,ਏਅਰ ਕੰਡੀਸ਼ਨ ਟਾਊਨ ਹਾਲ ਕੰਪਲੈਕਸ ਅਤੇ ਮਿਉਸਪਲ ਬਿਲਡਿੰਗਾਂ ਦੇ ਸਲਾਨਾ ਰਖ ਰਖਾਉ ਸਬੰਧੀ । | 3.50 | ਸੀਜਨਲ | 5% |
| ਟਾਂਊਨ ਹਾਲ ਕੰਪਲੈਕਸ,ਹਾਲ ਗੇਟ,ਹਾਥੀ ਗੇਟ,ਹਕੀਮਾਂ ਗੇਟ,ਸੁਲਤਾਨਵਿੰਡ ਗੇਟ, ਮਹਾਰਾਜਾ ਰਣਜੀਤ ਸਿੰਘ ਪਨੋਰਮਾਂ ਅਤੇ ਕੰਪਨੀ ਬਾਗ ਗੇਟ ਤੇ ਲੱਗੀ ਪ੍ਰਸਾਰ ਲਾਈਟ ਦੇ ਸਲਾਨਾ ਰਖ ਰਖਾਉ ਸਬੰਧੀ । | 4.00 | 1 ਸਾਲ | 5% |

ਉਪਰੋਕਤ ਕੰਮਾਂ ਲਈ ਸਿਰਫ ਤਜਰਬੇਕਾਰ ਫਰਮਾਂ ਨੂੰ ਹੀ ਟੈਂਡਰ ਜਾਰੀ ਕੀਤੇ ਜਾਣਗੇ ਜਿੰਨਾਂ ਵੱਲੋ ਪਿਛਲੇ 3 ਸਾਲਾਂ ਵਿਚੋ ਘਟੋ ਘੱਟ ਸਟਰੀਟ ਲਾਈਟ ਦੇ ਰਖ ਰਖਾਵ ਦਾ 20.00 ਲੱਖ ਰੁਪਏ ਦਾ ਕੰਮ ਕੀਤਾ ਹੋਵੇ ।

ਸ਼ਰਤਾਂ ਵਾਲੇ ਟੈਂਡਰ/ਟੈਂਡਰ ਫਾਰਮਾਂ ਉਪਰ ਉਵਰਰਾਈਟਿੰਗ ਰੱਦ ਕਰਨ ਯੋਗ ਹੋਵੇਗੀ ।

ਟੈਂਡਰ ਫਾਰਮ ਬਿੰਨਾਂ ਫੀਸ ਜਮ੍ਹਾਂ ਕਰਵਾਏ ਅਤੇ ਰਕਮ ਬਿਆਨਾ ਨਾਲ ਨੱਥੀ ਨਾਂ ਹੋਣ ਤੇ ਵਸੂਲ ਨਹੀ ਕੀਤੇ ਜਾਣਗੇ ।

ਸਟਰੀਟ ਲਾਈਟ ਪੁਆਇੰਟਾਂ ਦੀ ਮਾਤਰਾ ਵਧਾਈ ਜਾਂ ਘਟਾਈ ਜਾ ਸਕਦੀ ਹੈ।

ਜੇ ਨਿਸਚਿਤ ਮਿਤੀ ਨੂੰ ਛੁੱਟੀ ਦਾ ਐਲਾਨ ਹੋ ਜਾਵੇ ਤਾਂ ਉਹ ਟੈਂਡਰ ਅਗਲੇ ਕੰਮਕਾਜ਼ੀ ਦਿਨ ਹਾਸਲ ਕੀਤੇ ਅਤੇ ਖੋਲ੍ਹੇ ਜਾਣਗੇ ।

ਸਟਰੀਟ ਲਾਈਟ ਦੇ ਕੰਮ ਸਬੰਧੀ ਸਿਰਫ ਉਹਨਾਂ ਹੀ ਠੇਕੇਦਾਰਾਂ ਨੂੰ ਟੈਂਡਰ ਜਾਰੀ ਕੀਤੇ ਜਾਣਗੇ ਜਿੰਨਾਂ ਕੋਲ ਚੀਫ ਇਲੈਕਟਰੀਕਲ ਇੰਸਪੈਕਟਰ ਪਟਿਆਲਾ ਦਾ ਲਾਇਸੰਸ ਹੋਵੇਗਾ ।

ਕੋਈ ਵੀ ਟੈਂਡਰ ਬਿੰਨਾਂ ਕਿਸੇ ਕਾਰਨ ਦੱਸੇ ਨਿਮਨ ਹਸਤਾਖਰ ਵੱਲੋ ਰੱਦ ਕੀਤਾ ਜਾ ਸਕਦਾ ਹੈ ।

ਜਿਹੜੇ ਠੇਕੇਦਾਰ ਬਲੈਕ ਲਿਸਟ ਹੋ ਚੁੱਕੇ ਹਨ ,ਉਹਨਾਂ ਨੂੰ ਟੈਂਡਰ ਜਾਰੀ ਨਹੀ ਕੀਤੇ ਜਾਣਗੇ ।

ਟੈਂਡਰ ਮੰਜੂਰ ਹੋਣ ਦੀ ਸੂਰਤ ਵਿਚ ਹਰੇਕ ਠੇਕੇਦਾਰ ਨੂੰ ਆਪਣੇ ਸੈਕਟਰ ਵਿਚ ਨਗਰ ਨਿਗਮ ਵੱਲੋ ਦੱਸੀ ਗਈ ਜਗ੍ਹਾ ਤੇ ਆਪਣੇ ਪੱਧਰ ਤੇ ਕੰਪਲੇਂਟ ਆਫਿਸ ਦਾ ਪ੍ਰਬੰਧ 10 ਦਿਨਾਂ ਦੇ ਅੰਦਰ ਅੰਦਰ ਕਰਨਾ ਹੋਵੇਗਾ। ਇਸ ਤੋ ਇਲਾਵਾ ਸ਼ਿਕਾਇਤ ਦਰਜ਼ ਕਰਾਉਣ ਦੀ ਸੁਵਿਧਾ ਵਾਸਤੇ ਕੰਪਲੇਂਟ ਆਫਿਸ ਵਿਚ ਟੈਲੀਫੋਨ/ਮੋਬਾਇਲ ਮੁਹੱਈਆ ਕਰਨਾ ਲਾਜ਼ਮੀ ਹੋਵੇਗਾ ।

ਹਰ ਸੈਕਟਰ ਲਈ ਅਲੱਗ ਅਲੱਗ ਟੈਂਡਰ ਫਾਰਮ ਹੋਵੇਗਾ ਅਤੇ ਇਕ ਟ੍ਰੈਂਡਰ ਫਾਰਮ ਵਿਚ 1 ਸੈਕਟਰ ਤੋ ਵੱਧ ਰੇਟ ਭਰਨ ਵਾਲੀ ਫਰਮ ਦਾ ਟੈਂਡਰ ਮੰਜੂਰ ਨਹੀ ਕੀਤਾ ਜਾਵੇਗਾ ।

ਰਖ ਰਖਾਉ ਦੇ ਕੰਮ ਦਾ ਟੈਂਡਰ ਭਰਨ ਵਾਲੀ ਫਰਮ ਨੂੰ ਆਪਣੀ ਮਸ਼ੀਨਰੀ ਅਤੇ ਸਟਾਫ ਦੀ ਜਾਣਕਾਰੀ ਨਾਲ ਦੱਸਣੀ ਹੋਵੇਗੀ ।

ਠੇਕੇਦਾਰ ਵੱਲੋ ਆਪਣੇ ਕਰਮਚਾਰੀਆਂ ਨੂੰ ਵਰਦੀ ਅਤੇ ਅਡੈਟੀ ਕਾਰਡ ਦਿੱਤੇ ਜਾਣੇ ਲਾਜ਼ਮੀ ਹਨ ।

ਠੇਕੇਦਾਰ ਵੱਲੋ ਆਪਣੇ ਟੈਲੀਫੋਨ/ਮੋਬਾਇਲ ਸ਼ਿਕਾਇਤ ਦਫਤਰ ਐਤਵਾਰ ਅਤੇ ਹੋਰ ਛੁੱਟੀ ਵਾਲੇ ਦਿਨ ਖੁੱਲ੍ਹੇ ਰੱਖੇ ਜਾਣਗੇ , ਅਜਿਹਾ ਨਾਂ ਕਰਨ ਦੀ ਸੂਰਤ ਵਿਚ ਢੁਕਵਾਂ ਜੁਰਮਾਨਾ ਪਾਇਆ ਜਾਵੇਗਾ ।

ਕਿਸੇ ਵੀ ਠੇਕੇਦਾਰ ਨੂੰ 2 ਤੋ ਵੱਧ ਸੈਕਟਰਾਂ ਦੇ ਟੈਂਡਰ ਜਾਰੀ ਨਹੀ ਕੀਤੇ ਜਾਣਗੇ ।

ਠੇਕੇਦਾਰਾਂ ਵਲੋ ਹਰੇਕ ਵਾਰਡ ਲਈ ਘਟੋ ਘੱਟ 2 ਤਰਜ਼ਬੇਕਾਰ ਕਾਰੀਗਰ ਸਟਰੀਟ ਲਾਈਟ ਦੇ ਰਖ ਰਖਾਵ ਲਈ ਰੱਖਣੇ ਹੋਣਗੇ ।

ਉਪਰੋਕਤ ਕੰਮ ਲਈ ਕੋਈ ਵੀ ਜਾਣਕਾਰੀ ਅਤੇ ਬਾਕੀ ਰਹਿੰਦੀਆਂ ਹੋਰ ਸ਼ਰਤਾਂ ਨਿਮਨ ਹਸਤਾਖਰੀ ਦੇ ਦਫਤਰ ਵਿਚੋ ਕਿਸੇ ਵੀ ਕੰਮ ਵਾਲੇ ਦਿਨ ਲਈਆਂ ਜਾ ਸਕਦੀਆਂ ਹਨ ।

ਠੇਕੇਦਾਰ/ਕੰਪਨੀ ਕੋਲ ਵੈਟ ਰਜਿਸਟਰੇਸ਼ਨ ਨੰ: ਦਾ ਹੋਣਾ ਲਾਜ਼ਮੀ ਹੈ ।

ਠੇਕੇਦਾਰ ਵੱਲੋ ਆਪਣੇ ਸੈਕਟਰ ਵਿਚ ਸਟਰੀਟ ਲਾਈਟ ਪੁਆਇੰਟਾਂ ਦੀ ਨੰਬਰਿੰਗ ਠੇਕਾ ਅਲਾਟ ਹੋਣ ਦੇ 15 ਦਿਨਾਂ ਦੇ ਅੰਦਰ ਅੰਦਰ ਕਰਨੀ ਹੋਵੇਗੀ ਅਤੇ ਸਟਰੀਟ ਲਾਈਟ ਪੁਆਇੰਟ ਜਿਵੇ ਹਨ ਜਿਥੇ ਹਨ ਦੀ ਸੂਰਤ ਵਿਚ ਦਿੱਤੇ ਜਾਣਗੇ ।

ਵੈਬ ਸਾਈਟ ।

ਕਾਰਜਕਾਰੀ ਇੰਜੀਨੀਅਰ(ਬਿ),
ਨਗਰ ਨਿਗਮ, ਅੰਮ੍ਰਿਤਸਰ ।